# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ
# ਮੀਟਿੰਗ ਮਿਤੀ 14.9.2022
# ਦੀ ਕਾਰਵਾਈ

## (ਮਤਾ ਨੰ: **315-319)**

ਨਗਰ ਨਿਗਮ, ਜਲੰਧਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14.9.2022 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ੍ਰੀ ਦਵਿੰਦਰ ਸਿੰਘ, ਆਈ.ਏ.ਐਸ. ਕਮਿਸ਼ਨਰ .................. ਮੈਂਬਰ
3. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ .............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ............... ਮੈਂਬਰ
5. ਸ੍ਰੀ ਗਿਆਨ ਚੰਦ, ਕੌਂਸਲਰ ........................................ ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.9.2022

ਨਗਰ ਨਿਗਮ, ਜਲੰਧਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14.9.2022 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ੍ਰੀ ਦਵਿੰਦਰ ਸਿੰਘ, ਆਈ.ਏ.ਐਸ. ਕਮਿਸ਼ਨਰ .................. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ .............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ............... ਮੈਂਬਰ
5. ਸ੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.9.2022

ਮਤਾ ਨੰਬਰ:-315

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 22.8.2022 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 22.8.2022 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ :

- ਮਿਤੀ 5.4.2022 ਦੀ ਮੱਦ ਨੰ: 112 ਅਤੇ 122 ਸਬੰਧੀ ਮੇਅਰ ਜੀ ਨੇ ਦੱਸਿਆ ਕਿ ਉਹਨਾਂ ਵਲੋਂ ਇਸ ਸਬੰਧੀ ਕਮਿਸ਼ਨਰ ਜੀ ਨੂੰ ਪੱਤਰ ਲਿਖਿਆ ਗਿਆ ਹੈ ਜਿਸਦਾ ਜਵਾਬ ਅਜੇ ਲੋੜੀਂਦਾ ਹੈ।ਕਮਿਸ਼ਨਰ ਜੀ ਨੇ ਦੱਸਿਆ ਕਿ ਇਹ ਮਾਮਲਾ ਮੇਰੇ ਧਿਆਨ ਵਿੱਚ ਨਹੀਂ ਹੈ । ਮਿਸਲ ਮੰਗਵਾ ਕੇ ਅਤੇ ਘੋਖ਼ਣ ਉਪਰੰਤ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਜਵਾਬ ਦੇ ਦਿੱਤਾ ਜਾਵੇਗਾ ।
- ਮਿਤੀ 25.4.2022 ਦੀ ਲੰਬਤ ਮੱਦ ਨੰ: 244 ਸਬੰਧੀ ਫੈਸਲਾ ਹੋਇਆ ਸੀ ਕਿ ਕਿਉਂ ਜ਼ੋ ਇਹ ਸੜਕ ਬਣ ਚੁਕੀ ਹੈ ਇਸ ਲਈ ਇਹ ਟੈਂਡਰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ। ਇਹ ਵੀ ਫੈਸਲਾ ਹੋਇਆ ਸੀ ਕਿ ਪੁਰਾਣੀ ਸਬਜੀ ਮੰਡੀ ਚੋਂਕ ਨੇੜੇ ਸੜਕ ਦੀ ਬਹੁਤ ਮਾੜੀ ਹਾਲੁਤ ਹੈ।ਇਸ ਤਖ਼ਮੀਨੇ ਵਿੱਚੋਂ ਇਹ ਸੜਕ ਬਨਾਉਣ ਲਈ ਸਾਈਟ ਬਦਲੀ ਵਾਸਤੇ ਰੀਵਾਈਜ਼ਡ ਤਖ਼ਮੀਨਾ ਤਿਆਰ ਕਰਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ।ਮੇਅਰ ਜੀ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੰਯਤੀ ਆ ਰਹੀ ਹੈ ਅਤੇ ਇਸ ਸੜਕ ਦੀ ਬਹੁਤ ਮਾੜੀ ਹਾਲੁਤ ਹੈ, ਇਸ ਲਈ ਇਹ ਸੜਕ ਜਲਦ ਬਣਵਾਈ ਜਾਵੇ । ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਤਖ਼ਮੀਨਾਂ ਤਿਆਰ ਕਰ ਲਿਆ ਗਿਆ ਹੈ । ਕਮਿਸ਼ਨਰ ਜੀ ਨੇ ਦੱਸਿਆ ਕਿ ਅਜੇ ਨਿਗਮ ਪਾਸ ਫੰਡ ਨਹੀਂ ਹਨ, ਇਸ ਲਈ ਹਾਲ ਦੀ ਘੜੀ ਇਸ ਸੜਕ ਤੇ ਪੈਚ ਵਰਕ ਕਰਵਾਇਆ ਜਾਵੇ।ਜਿਸ ਤੇ ਫੈਸਲਾ ਹੋਇਆ ਕਿ ਪੈਚ ਵਰਕ ਚੰਗੀ ਤਰ੍ਹਾਂ ਕਰਵਾਇਆ ਜਾਵੇ ਤਾਂ ਜੋ ਭਗਵਾਨ ਵਾਲਮੀਕਿ ਸ਼ੋਭਾ ਯਾਤਰਾ ਦੌਰਾਣ ਕੋਈ ਪਰੇਸ਼ਾਨੀ ਨਾ ਆਵੇ ।
- ਮਿਤੀ 16.8.2022 ਦੀਆਂ ਲੰਬਤ ਮੱਦਾਂ ਨੰ: 300 ਅਤੇ 301 ਸਬੰਧੀ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਇਹਨਾਂ ਟੈਂਡਰਾਂ ਸਬੰਧੀ ਮੈਸਰਜ਼ ਐਸ.ਕੇ.ਈ. ਇੰਜੀਨਿਅਰਜ਼ ਠੇਕੇਦਾਰ ਅਜੰਸੀ ਵਲੋਂ ਮੇਅਰ ਜੀ ਨੂੰ ਲਿਖ ਕੇ ਦਿੱਤਾ ਹੈ ਕਿ ਕਿਉਂ ਜ਼ੋ ਇਹਨਾਂ ਟੈਂਡਰਾਂ ਦਾ 120 ਦਿਨਾਂ ਦਾ ਸਮਾਂ ਪੂਰਾ ਹੋ ਚੁੱਕਾ ਹੈ, ਇਸ ਲਈ ਹੁਣ ਉਹ ਇਹ ਕੰਮ ਕਰਨ ਲਈ ਤਿਆਰ ਨਹੀਂ ਹਨ ਅਤੇ ਠੇਕੇਦਾਰ ਅਜੰਸੀ ਦੇ ਇਸ ਪੱਤਰ ਨੂੰ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਰਿਪੋਰਟ ਕਰਨ ਲਈ ਹਦਾਇਤ ਕੀਤੀ ਹੈ ਜ਼ੋ ਕਿ ਅਜੇ ਵਿਚਾਰ ਅਧੀਨ ਹੈ ।ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੇ ਦੱਸਿਆ ਕਿ ਮੈਸਰਜ਼ ਗੁਪਤਾ ਇਲੈਕਟ੍ਰਿਕ ਸਟੋਰ ਅਤੇ ਗੁਰਦੀਪ ਇਲੈਕਟ੍ਰੀਕਲ ਐਂਡ ਮਕੈਨੀਕਲ ਵਰਕਸ ਨੇ ਲਿਖ ਕੇ ਦਿੱਤਾ ਹੈ ਕਿ ਉਹ ਇਹ ਕੰਮ 60% ਸੇਵਿੰਗ ਤੇ ਕਰਨ ਲਈ ਤਿਆਰ ਹਨ ।ਇਹਨਾਂ ਕਾਗਜ਼ਾਂ ਨੂੰ ਕਮੇਟੀ ਅੱਗੇ ਪੇਸ਼ ਕੀਤਾ ਗਿਆ ਅਤੇ ਮਤਾ ਨੰ: 300 ਦੀ ਮਿਸਲ ਵਿੱਚ ਨੱਥੀ ਕੀਤਾ ਗਿਆ । ਉਹਨਾਂ ਇਹ ਵੀ ਕਿਹਾ ਕਿ ਇਹਨਾਂ ਟੈਂਡਰਾਂ ਨੂੰ 8 ਭਾਗਾਂ ਵਿੱਚ ਵੰਡ ਕੇ ਲਗਾਇਆ ਜਾਵੇ । ਸ੍ਰੀ ਹਰਪ੍ਰੀਤ ਸਿੰਘ, ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਇਹ ਤਖ਼ਮੀਨੇ ਚੰਡੀਗੜ੍ਹ ਤੋਂ ਵੈਟ ਹੋਣ ਉਪਰੰਤ ਹੀ ਟੈਂਡਰ ਲਗਾਏ ਗਏ ਹਨ ਅਤੇ ਅਸੀਂ ਇਹਨਾਂ ਤਖਮੀਨਿਆ ਸਬੰਧੀ ਸਰਕਾਰ ਦੀਆਂ ਹਦਾਇਤਾਂ ਅਤੇ ਐਸ.ਓ.ਪੀ. ਦੀਆਂ ਗਾਈਡਲਾਈਨਜ਼ ਤੋਂ ਬਾਹਰ ਨਹੀਂ ਜਾ ਸਕਦੇ ।ਕਮਿਸ਼ਨਰ ਜੀ ਨੇ ਪੁੱਛਿਆ ਕਿ ਇਹੋ ਅਜੰਸੀ ਪਿਛਲੇ ਕਈ ਸਾਲਾਂ ਤੋਂ ਇਹ ਕੰਮ ਕਰ ਰਹੀ ਹੈ । ਦਫ਼ਤਰੀ ਰਿਕਾਰਡ ਅਨੁਸਾਰ ਕੀ ਇਹ ਸੂਚਨਾ ਉਪਲਬੱਧ ਹੈ ਕਿ ਅੰਜਸੀ ਵਲੋਂ ਕਿੰਨੀਆਂ ਮੋਟਰਾਂ ਬਦਲੀਆਂ ਗਈਆਂ, ਕਿੰਨੀਆਂ ਤਾਰਾਂ ਬਦਲੀਆਂ ਗਈਆਂ ਹਨੈ ਜਾਂ ਹੋਰ ਕੋਈ ਸਮਾਨ ਜਿਹੜਾ ਬਦਲਿਆ ਹੈ । ਜਿਸ ਤੇ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਅਜਿਹਾ ਕੋਈ ਰਿਕਾਰਡ ਮੇਨਟੇਨ ਨਹੀਂ ਕੀਤਾ ਗਿਆ ਹੈ। ਕਮਿਸ਼ਨਰ ਜੀ ਨੇ ਮੁੜ੍ਹ ਕਿਹਾ ਕਿ ਸਰਕਾਰੀ ਫੰਡਾਂ ਦਾ ਇੱਕ-ਇੱਕ ਪੈਸੇ ਦਾ ਹਿਸਾਬ ਹੋਣਾ ਚਾਹੀਦਾ ਹੈ । ਵਿਚਾਰ ਵਟਾਂਦਰੇ ਉਪਰੰਤ ਕਮਿਸ਼ਨਰ ਜੀ ਨੇ ਸੁਝਾਓ ਦਿੱਤਾ ਕਿ ਇਹਨਾਂ ਟੈਂਡਰਾਂ ਸਬੰਧੀ ਇੱਕ ਸਬ-ਕਮੇਟੀ ਦਾ ਗਠਨ ਕਰ ਲਿਆ ਜਾਵੇ। ਸਰਵਸੰਮਤੀ ਨਾਲ ਇਹਨਾਂ ਟੈਂਡਰਾਂ ਸਬੰਧੀ ਇੱਕ ਸਬ-ਕਮੇਟੀ ਸ੍ਰੀਮਤੀ ਸ਼ਿਖਾ ਭਗਤ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਗਠਨ ਕੀਤਾ ਜਾਂਦਾ ਹੈ ਜਿਸ ਵਿੱਚ ਨਿਗਰਾਨ ਇੰਜੀਨਿਅਰ ( ਓ ਐਂਡ ਐਮ), ਨਿਗਰਾਨ ਇੰਜੀਨਿਅਰ (ਬੀ ਐਂਡ ਆਰ), ਸ੍ਰੀ ਬਲਜੀਤ ਸਿੰਘ ਅਤੇ ਹਰਪ੍ਰੀਤ ਸਿੰਘ, ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ), ਡੀ.ਸੀ.ਐਫ.ਏ. ਅਤੇ ਸ੍ਰੀ ਪਵਨ ਕੁਮਾਰ, ਚੇਅਰਮੈਨ ਓ ਐਂਡ ਐਮ ਐਡਹਾਕ ਕਮੇਟੀ ਨੂੰ ਸ਼ਾਮਲ ਕੀਤਾ ਜਾਂਦਾ ਹੈ । ਇਹ ਕਮੇਟੀ ਸਰਕਾਰ ਦੀਆਂ ਹਦਾਇਤਾਂ ਅਤੇ ਐਸ.ਓ.ਪੀ. ਦੀਆਂ ਗਾਈਡਲਾਈਨਜ਼ ਅਨੁਸਾਰ ਅਤੇ ਨਿਗਮ ਦੇ ਵਿੱਤੀ ਹਿੱਤਾਂ ਨੂੰ ਮੁੱਖ ਰਖ਼ਦੇ ਹੋਏ ਤਿੰਨ ਦਿਨਾਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਪੇਸ਼ ਕਰੇਗੀ ਤਾਂ ਜੋ ਜਲਦ ਤੋਂ ਜਲਦ ਅਗਲੀ ਕਾਰਵਾਈ ਕੀਤੀ ਜਾ ਸਕੇ ।
- ਮਿਤੀ 16.8.2022 ਦੀਆਂ ਲੰਬਤ ਮੱਦਾਂ ਨੰ: 302 ਤੋਂ 304 ਤੱਕ ਸਬੰਧੀ ਫੈਸਲਾ ਹੋਇਆ ਸੀ ਕਿ ਕਿਉਂ ਜ਼ੋ ਇਹਨਾਂ ਟੈਂਡਰਾਂ ਸਬੰਧੀ ਸੇਵਿੰਗ ਬਹੁਤ ਘੱਟ ਹੈ, ਇਸ ਲਈ ਸਬੰਧਤ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਸੇਵਿੰਗ ਸਬੰਧੀ ਆਪਣੀ ਰਿਪੋਰਟ ਅਗਲੀ ਮੀਟਿੰਗ ਵਿੱਚ ਦੇਣ।ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਸਬੰਧਤ ਅਜੰਸੀਆਂ ਵਲੋਂ ਇਹਨਾਂ ਟੈਂਡਰਾਂ ਸਬੰਧੀ ਵੱਧ ਤੋਂ ਵੱਧ 0.50% ਸੇਵਿੰਗ ਲਈ ਸਹਿਮਤ ਹਨ । ਪਿਛਲੀ

ਮੀਟਿੰਗ ਵਿੱਚ ਫੈਸਲਾ ਹੋਇਆ ਸੀ ਕਿ ਕਮਿਸ਼ਨਰ ਜੀ ਨੇ ਕਿਹਾ ਸੀ ਕਿ ਇਹ ਸੇਵਿੰਗ ਘੱਟੋ-ਘੱਟ 15% ਹੋਣੀ ਚਾਹੀਦੀ ਹੈ। ਫੈਸਲਾ ਹੋਇਆ ਕਿ ਸ੍ਰੀਮਤੀ ਸ਼ਿਖਾ ਭਗਤ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ ਅਤੇ ਸ੍ਰੀ ਬਲਜੀਤ ਸਿੰਘ ਅਤੇ ਹਰਪ੍ਰੀਤ ਸਿੰਘ, ਕਾਰਜਕਾਰੀ ਇੰਜੀਨਿਅਰ (ੳ ਐਂਡ ਐਮ) ਸਬੰਧਤ ਅਜੰਸੀਆਂ ਨਾਲ ਸੇਵਿੰਗ ਸਬੰਧੀ ਤਿੰਨ ਦਿਨਾਂ ਦੇ ਅੰਦਰ ਅੰਦਰ ਨੈਗੋਸ਼ਿਏਸ਼ਨ ਕਰਕੇ ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਦੇਣ ਲਈ ਕਮੇਟੀ ਵਲੋਂ ਅਧਿਕਾਰ ਦਿੱਤਾ ਜਾਂਦਾ ਹੈ ।

- ਮਿਤੀ 22.8.2022 ਦੀਆਂ ਲੰਬਤ ਮੱਦਾਂ ਨੰ: 311, 312 ਅਤੇ 314 ਸਬੰਧੀ ਫੈਸਲਾ ਹੋਇਆ ਸੀ ਕਿ ਕਮਿਸ਼ਨਰ ਜੀ ਨੇ ਕਿਹਾ ਸੀ ਕਿ ਇਹ ਸੇਵਿੰਗ ਘੱਟੋ-ਘੱਟ 15% ਹੋਣੀ ਚਾਹੀਦੀ ਹੈ । ਸ੍ਰੀਮਤੀ ਸ਼ਿਖਾ ਭਗਤ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ ਅਤੇ ਸ੍ਰੀ ਬਲਜੀਤ ਸਿੰਘ ਅਤੇ ਹਰਪ੍ਰੀਤ ਸਿੰਘ, ਕਾਰਜਕਾਰੀ ਇੰਜੀਨਿਅਰ (ੳ ਐਂਡ ਐਮ) ਸਬੰਧਤ ਅਜੰਸੀਆਂ ਨਾਲ ਸੇਵਿੰਗ ਸਬੰਧੀ ਨੈਗੋਸ਼ਿਏਸ਼ਨ ਕਰਕੇ ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਦੇਣ ਲਈ ਕਮੇਟੀ ਵਲੋਂ ਅਧਿਕਾਰ ਦਿੱਤਾ ਜਾਂਦਾ ਹੈ।
- ਇਹਨਾਂ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.9.2022

ਮਤਾ ਨੰ:- 316

ਵਿਸ਼ਾ: Const. of 6th Patshahi Road. Ward No. 44 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 97.21 ਲੱਖ ਟੈਂਡਰ ਅਮਾਊਂਟ ਰੁ: 70.44 ਲੱਖ ਸੇਵਿੰਗ: 27.54%
ਫਰਮ ਦਾ ਨਾਂ:- ਸ਼ਿਵ ਕੁਮਾਰ ਬਾਂਸਲ ਕੰਟਰੈਕਟਰ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 05

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਮੇਅਰ ਜੀ ਨੇ ਮਿਤੀ 26.5.2022 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਸ੍ਰੀ ਗਿਆਨ ਚੰਦ, ਮੈਂਬਰ ਨੇ ਕਿਹਾ ਕਿ ਕਈ ਵਿਕਾਸ ਦੇ ਕੰਮਾਂ ਦੀਆਂ ਟੈਂਡਰਾਂ ਸਬੰਧੀ ਮਿਸਲਾਂ ਪ੍ਰਵਾਨਗੀ ਹਿੱਤ ਲੰਬਤ ਹਨ ਸਿਰਫ ਇਹੋ ਇੱਕ ਮਿਸਲ ਪ੍ਰਵਾਨਗੀ ਹਿੱਤ ਮੀਟਿੰਗ ਵਿੱਚ ਰੱਖੀ ਗਈ ਹੈ । ਇੰਝ ਪਿਕ ਐਂਡ ਚੂਜ਼ ਨਾ ਕੀਤਾ ਜਾਵੇ । ਜਾਂ ਤਾਂ ਸਾਰੀਆਂ ਮਿਸਲਾਂ ਕਮੇਟੀ ਸਨਮੁੱਖ ਪੇਸ਼ ਕੀਤੀਆਂ ਜਾਣ ਜਾਂ ਫਿਰ ਇਹ ਮੱਦ ਲੰਬਿਤ ਰੱਖੀ ਜਾਵੇ । ਡਿਪਟੀ ਮੇਅਰ ਜੀ ਨੇ ਕਿ ਇਹ ਸੜਕ ਗੁਰਦੁਆਰੇ ਨੂੰ ਜਾਂਦੀ ਹੈ ਅਤੇ ਸੜਕ ਦੀ ਬਹੁਤ ਮਾੜੀ ਹਾਲੂਤ ਹੈ ਜਿਸ ਤੇ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸੜਕ ਦੀ ਮੌਜੂਦਾ ਹਾਲਤ ਦਾ ਮੌਕਾ ਵੇਖ ਕੇ ਆਪਣੀ ਰਿਪੋਰਟ ਪੇਸ਼ ਕਰਨ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.9.2022

ਮਤਾ ਨੰਬਰ:- 317

ਵਿਸ਼ਾ:- ਓਪਰੇਸ਼ਨ, ਮੇਨਟੀਨੈਂਸ ਐਂਡ ਇਲੈਕਟ੍ਰਿਕਲ ਰਿਪੇਅਰ ਆਫ 73 ਨੰਬਰ ਟਿਊਬਵੈਲਜ ਵਿਦ ਟਾਇਮ ਸਵਿਚ ਐਂਡ ਓ.ਐਚ.ਐਸ.ਆਰ ਫਾਲਿੰਗ ਇਨ ਜ਼ੋਨ ਨੰਬਰ 6 ਮਾਡਲ ਟਾਊਨ ਫਾਰ 2 ਯੀਅਰ ਸਬੰਧੀ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਦੇਣ ਬਾਰੇ। (ਟੈਂਡਰ ਪ੍ਰਵਾਨਗੀ ਹਿੱਤ)।

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 1,18,54,896/- ਦਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ। ਕਿਉਂ ਜ਼ੋ ਇਹ ਤਖਮੀਨਾ ਰੁਪਏ 1.00 ਕਰੋੜ ਤੋਂ ਜਿਆਦਾ ਦਾ ਸੀ, ਇਸ ਲਈ ਸਥਾਨਕ ਸਰਕਾਰ ਪੰਜਾਬ ਦੀਆਂ ਐਸ.ਓ.ਪੀ ਦੀਆਂ ਸ਼ਰਤਾਂ ਅਨੁਸਾਰ ਇਸ ਕੰਮ ਦੇ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲੈਣ ਵਾਸਤੇ ਇਸ ਦਫਤਰ ਵਲੋਂ ਪੱਤਰ ਨੰਬਰ 47/ਸੀ.ਈ/ਡਬਲਯੂ.ਐਸ/ਜੀ ਮਿਤੀ 28-05-2021 ਅਤੇ ਪੱਤਰ ਨੰਬਰ 67/ਸੀ.ਈ/ਡਬਲਯੂ.ਐਸ/ਜੀ ਮਿਤੀ 30-06-2021 ਰਾਹੀਂ ਲਿਖਿਆ ਗਿਆ ਸੀ, ਜਿਸ ਉਪਰੰਤ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਪੱਤਰ ਨੰਬਰ 2021-ਸੀ.ਈ/31355 ਮਿਤੀ 04-08-2021 ਰਾਹੀਂ ਤਖਮੀਨਾ ਰੁਪਏ 1,18,54,896/- ਦੇ ਵਿਰੁੱਧ ਰੁਪਏ 1,04,17,286/- ਦਾ ਵੈਟ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਸੀ। ਇਸ ਵੈਟਡ ਤਖਮੀਨੇ ਦੀ ਐਂਟੀਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 26-08-2021 ਰਾਹੀਂ ਦਿੱਤੀ ਗਈ ਸੀ ਅਤੇ ਬਾਅਦ ਵਿੱਚ ਇਸ ਤਖਮੀਨੇ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 129(16) ਮਿਤੀ 28-10-2021 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਇਸ ਉਪਰੰਤ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰੀਕ੍ਰਿਆ ਰਾਹੀਂ ਮਿਤੀ 26-11-2021 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ 30-12-2021 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ M/s SKE Engineers ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰਾ ਪਾਇਆ ਗਿਆ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਅਜੰਸੀ ਵਲੋਂ ਵੈਟਡ ਤਖਮੀਨਾ ਰੁਪਏ 1,04,17,286/- ਦੇ ਵਿਰੁੱਧ ਰੁਪਏ 77,96,317/- ਵਿੱਚ ਕੰਮ ਕੀਤਾ ਜਾਣਾ ਹੈ।

ਕਿਉਂ ਜੋ ਸਥਾਨਕ ਸਰਕਾਰ, ਪੰਜਾਬ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਂਦੀ ਹੈ, ਇਸ ਲਈ ਉਪਰਕੋਤ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਲਈ ਇਸ ਦਫਤਰ ਦੇ ਪੱਤਰ ਨੰਬਰ 325/CE/WS/G ਮਿਤੀ 06-01-2022 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਲਿਖਿਆ ਗਿਆ ਸੀ। ਹੁਣ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ-2022/14529 ਮਿਤੀ 02-05-2022 ਰਾਹੀਂ ਇਸ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ ਹੈ। ਕਿਉਂ ਜ਼ੋ ਇਸ ਟੈਂਡਰ ਦੀ ਅਤਿੰਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਿਚੋਂ ਲੋੜੀਂਦੀ ਹੈ, ਇਸ ਲਈ ਕੇਸ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 9.6.2022 ਰਾਹੀਂ ਲਿਖਿਆ ਹੈ ਕਿ ਨਿਗਰਾਨ ਇੰਜੀਨੀਅਰ (ਓ.ਐਂਡ ਐਮ) ਇਹ ਸਪੱਸਟ ਕਰਨ ਕਿ ਕਿਸ ਅਧਾਰ ਤੇ ਅਮਾਉਂਟ ਘਟਾਈ ਗਈ ਹੈ। ਜਿਸ ਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 15.6.2022 ਰਾਹੀਂ ਲਿਖਿਆ ਹੈ ਕਿ " E- Tenders were called and the bidder quoted the rates. The bidder is ready to execute the work on rates less than the estimated rates. ਜਿਸ ਤੇ ਸੰਯੁਕਤ ਕਮਿਸ਼ਨਰ ਜੀ ਨੇ ਮਿਤੀ 25.7.2022 ਰਾਹੀਂ ਮੁੜ ਘੋਖਣ ਲਈ ਲਿਖਿਆ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 28.7.2022 ਰਾਹੀਂ ਹੇਠ ਲਿਖੇ ਅਨੁਸਾਰ ਜੁਵਾਬ ਦਿੱਤਾ ਹੈ :

With respect to the above stated subject and referred observations, it is stated that open e-tenders were called online and it is upto contractor to submit the bids whichever are feasible to them. This also confirms that the contractor is willing to execute the mentioned scope of work within submitted price bids.

It is also informed that the existing contract for O&M of tubewells of the respective Zones as mentioned in subject is expiring on 31.7.2022 as the last contract has already been extended for the almost 10 months and the saving has exhausted.

From 1.8.2022, there will not be any provision to maintain the tubewells if any of the motor burns out and MCJ may encounter an unavoidable situation resulting in deterioration of image of MCJ.

The above information is being sent for final decision and the approval in anticipation of F&CC so that the work can be allotted in the time and tubewells can be maintained uninterruptedly.

ਸੰਯੁਕਤ ਕਮਿਸ਼ਨਰ (ਐਸ) ਨੇ ਮਿਤੀ 4.8.2022 ਰਾਹੀਂ ਲਿਖਿਆ ਹੈ ਕਿ After how many attempts, single tender is acceptable and what is the situation in this case. ਨਿਗਰਾਨ ਇੰਜੀਨੀਅਰ (ਓ.ਐਂਡ ਐਮ) ਨੇ ਮਿਤੀ 5.8.2022 ਰਾਹੀਂ ਜੁਵਾਬ ਦਿੱਤਾ ਹੈ ਕਿ As per SOP issued by the Local Government, 1 no.tender is

acceptable in 2nd attempt of tenders called. It is requested to approve as soon as possible. ਸੰਯੁਕਤ ਕਮਿਸ਼ਨਰ (ਐਸ) ਨੇ ਮਿਤੀ 5.8.2022 ਰਾਹੀਂ ਅਤੇ ਕਮਿਸ਼ਨਰ ਜੀ ਨੇ ਮਿਤੀ 8.8.2022 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.8.2022 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ ।

ਫੈਸਲਾ :

- ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਵਿਚਾਰ ਵਟਾਂਦਰੇ ਉਪਰੰਤ ਕਮਿਸ਼ਨਰ ਜੀ ਨੇ ਸੁਝਾਓ ਦਿੱਤਾ ਕਿ ਇਹਨਾਂ ਟੈਂਡਰਾਂ ਸਬੰਧੀ ਇੱਕ ਸਬ-ਕਮੇਟੀ ਦਾ ਗਠਨ ਕਰ ਲਿਆ ਜਾਵੇ । ਸਰਵਸੰਮਤੀ ਨਾਲ ਇਹਨਾਂ ਟੈਂਡਰਾਂ ਸਬੰਧੀ ਇੱਕ ਸਬ-ਕਮੇਟੀ ਸ੍ਰੀਮਤੀ ਸ਼ਿਖਾ ਭਗਤ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਗਠਨ ਕੀਤਾ ਜਾਂਦਾ ਹੈ ਜਿਸ ਵਿੱਚ ਨਿਗਰਾਨ ਇੰਜੀਨਿਅਰ (ਓ ਐਂਡ ਐਮ), ਨਿਗਰਾਨ ਇੰਜੀਨਿਅਰ (ਬੀ ਐਂਡ ਆਰ), ਸ੍ਰੀ ਬਲਜੀਤ ਸਿੰਘ ਅਤੇ ਹਰਪ੍ਰੀਤ ਸਿੰਘ, ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ), ਡੀ.ਸੀ.ਐਫ.ਏ. ਅਤੇ ਸ੍ਰੀ ਪਵਨ ਕੁਮਾਰ, ਚੇਅਰਮੈਨ ਓ ਐਂਡ ਐਮ ਐਡਹਾਕ ਕਮੇਟੀ ਨੂੰ ਸ਼ਾਮਲ ਕੀਤਾ ਜਾਂਦਾ ਹੈ । ਇਹ ਕਮੇਟੀ ਸਰਕਾਰ ਦੀਆਂ ਹਦਾਇਤਾਂ ਅਤੇ ਐਸ.ਓ.ਪੀ. ਦੀਆਂ ਗਾਈਡਲਾਈਨਜ਼ ਅਨੁਸਾਰ ਅਤੇ ਨਿਗਮ ਦੇ ਵਿੱਤੀ ਹਿੱਤਾਂ ਨੂੰ ਮੁੱਖ ਰਖ਼ਦੇ ਹੋਏ ਤਿੰਨ ਦਿਨਾਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਪੇਸ਼ ਕਰੇਗੀ ਤਾਂ ਜ਼ੋ ਜਲਦ ਤੋਂ ਜਲਦ ਅਗਲੀ ਕਾਰਵਾਈ ਕੀਤੀ ਜਾ ਸਕੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.9.2022

ਮਤਾ ਨੰਬਰ:- 318

ਵਿਸ਼ਾ:- ਨਗਰ ਨਿਗਮ ਜਲੰਧਰ ਵਿੱਚ ਆਈ.ਟੀ ਸਟਾਫ ਦੀ ਆਸਾਮੀਆਂ ਦੀਆਂ ਆਊਟਸੋਰਸ ਤੇ ਰੱਖਣ ਬਾਰੇ।

ਤਖਮੀਨਾ ਰੁਪਏ 9,43,410/-
ਟੈਂਡਰ ਰਾਸ਼ੀ ਰੁਪਏ 9,24,447.46/- Less 2.01%
ਫਰਮ ਦਾ ਨਾਂ M/s Icon Software Technologies, Ludhiana
ਟੈਂਡਰ ਕਾਲ ਕੀਤਾ :- 2 Attempt ਪ੍ਰਾਪਤ ਹੋਏ ਟੈਂਡਰ 03

ਪੜ੍ਹਿਆਂ ਨੋਟ ਸਿਸਟਮ ਮੈਨੇਜਰ ਮਿਤੀ: 10.8.2022 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਵਲੋ ਹਾਊਸ ਦੇ ਮਤਾ ਨੰ: 92 ਮਿਤੀ 28.10.2021 ਰਾਹੀਂ IT ਸਟਾਫ (1 MIS Expert & 1 Computer Assistant (IT) ) ਦੀ ਆਉਟ ਸੋਰਸ ਤੇ ਅਸਾਮੀ ਰਖੱਣ ਲਈ ਲਗਭਗ ਰੁਪਏ 8 ਲੱਖ (ਜੀ.ਐਸ.ਟੀ, ਕੰਟਰੈਕਟਰ ਪ੍ਰੋਫੀਟ ਵੱਖਰਾ ਅਤੇ ਸਰਕਾਰ ਦੀਆਂ ਵੱਖ ਵੱਖ ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ) ਬਾਰੇ ਪ੍ਰਵਾਨਗੀ ਦਿੱਤੀ ਗਈ, ਜਿਸ ਤੇ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: ਸ5-ਡਸਸ-ਮਸਸ-2022/17269 ਮਿਤੀ: 20.05.2022 ਰਾਹੀਂ ਫੈਸਲਾ ਦਿੱਤਾ ਗਿਆ ਹੈ ਕਿ "ਮਤੇ ਦੀ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਤਜਵੀਜਤ ਸਟਾਫ ਮਾਨਤਾ ਪ੍ਰਾਪਤ ਆਊਟਸੋਰਸ ਏਜੰਸੀ ਰਾਹੀਂ ਇਕ ਸਾਲ ਲਈ ਹਾਇਰ ਕਰਨ ਲਈ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ" ਦੀ ਮੰਜੂਰੀ ਦਿੱਤੀ ਗਈ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਤੀ: 26-07-2022 ਨੂੰ 3 ਕੰਪਨੀਆ/ਫਰਮਾਂ ਵੱਲੋ ਟੈਂਡਰ ਪ੍ਰਾਪਤ ਹੋਏ। ਇਹਨਾਂ ਕੰਪਨੀਆਂ ਦੀਆਂ ਸਿਰਫ ਟੈਕਨੀਕਲ ਬਿਡਜ ਹੀ ਖੋਲੀਆਂ ਗਈਆਂ। ਟੈਂਡਰ ਦੀਆਂ ਸ਼ਰਤਾਂ ਅਨੁਸਾਰ ਟੈਕਨੀਕਲ ਯੋਗਤਾ ਰੱਖਣ ਵਾਲੀਆਂ ਕੰਪਨੀਆਂ ਦੀ ਹੀ ਵਿੱਤੀ ਬਿਡਜ ਖੋਲੀਆਂ ਜਾਣਗੀਆਂ। ਟੈਕਨੀਕਲ ਕਮੇਟੀ ਨੇ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਟੈਕਨੀਕਲ ਬਿਡਜ ਨੂੰ ਘੋਖਣ ਅਤੇ ਛਾਣ-ਬੀਨ ਕਰਨ ਤੋਂ ਬਾਅਦ ਹੇਠ ਲਿਖੀਆ ਕੰਪਨੀਆਂ/ਫਰਮਾਂ ਦੀਆਂ ਵਿੱਤੀ ਬਿਡਜ ਨੂੰ ਖੋਲਣ ਦੀ ਪ੍ਰਵਾਨਗੀ ਦਿੱਤੀ। ਜੋ ਕਿ ਹੇਠ ਲਿਖੇ ਅਨੁਸਾਰ ਹੈ:-

| Sr. No | DESCRIPTION | Estimated Rate | Quoted Percentage | Quoted Rate (Annual) |
|---|---|---|---|---|
| 1 | **M/s Icon Software Technologies** | **943410** | -2.01 | **924447.46** |
| 2 | **M/s S.S. Services Providers** | | -.60 | **937749.54** |
| 3 | **M/s Doric Multimedia Pvt. Ltd.** | | -1.78 | **926617.30** |

ਉਕਤ ਦੀ ਤੁਲਨਾਤਮਕ ਸੁਚੀ ਬਣਾਉਣ ਤੇ **M/s Icon Software Technologies** ਦੇ ਉਕਤ ਕੰਮ ਕਰਵਾਉਣ ਦੇ ਰੇਟ ਘੱਟ ਪਾਏ ਗਏ ਹਨ। ਉਕਤ ਕੰਪਨੀ ਤੋਂ ਕੰਮ ਕਰਵਾਉਣ ਦੀ ਮੰਜੂਰੀ ਲਈ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ।

ਨਿਗਰਾਨ ਇੰਜੀਨੀਅਰ ਮਿਤੀ: 11.8.2022 ਅਤੇ ਸੰਯੁਕਤ ਕਮਿਸ਼ਨਰ ਜੀ ਵੱਲੋ ਮਿਤੀ 17.08.2022 ਰਾਹੀਂ ਇਹ ਮਾਮਲਾ ਨਗਰ ਨਿਗਮ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 25.8.2022 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 25.**08.2022** ਰਾਹੀਂ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.9.2022

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 319 ਅਜੰਡੇ ਦੇ ਬਾਹਰੋਂ ਲਈ ਗਈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.9.2022

ਮਤਾ ਨੰਬਰ:- 319
ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਟਿਊਬਵੈਲਾਂ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ।
(ਈ-ਟੈਂਡਰ ਪ੍ਰਵਾਨਗੀ ਹਿੱਤ)

ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕੀਆਂ ਵਿੱਚ ਪੀਣ ਵਾਲੇ ਪਾਣੀ ਦੀ ਕਾਫੀ ਕਿਲਤ ਹੋ ਰਹੀ ਹੈ, ਜਿਸ ਕਾਰਨ ਵਾਰਡ ਕੌਂਸਲਰਾਂ ਵੱਲੋਂ ਲਿਖਤੀ ਰੂਪ ਵਿੱਚ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡਾਂ ਵਿੱਚ ਪੈਂਦੇ ਇਲਾਕੀਆਂ ਵਿੱਚ ਪੀਣ ਵਾਲੇ ਪਾਣੀ ਦੀ ਸਮਸਿਆ ਨੂੰ ਦਰੁਸਤ ਕਰਨ ਵਾਸਤੇ ਟਿਊਬਵੈਲਾਂ ਦੇ ਤਖਮੀਨੇ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ ਜਾਣ। ਇਹਨਾਂ ਹੁਕਮਾ ਨੂੰ ਮੁੱਖ ਰੱਖਦੇ ਹੋਏ ਹੇਠ ਦਰਸ਼ਾਏ ਟੇਬਲ ਅਨੁਸਾਰ ਤਖਮੀਨਿਆਂ ਨੂੰ ਤਿਆਰ ਕਰਨ ਉਪਰੰਤ ਨਗਰ ਨਿਗਮ ਹਾਉਸ ਵੱਲੋਂ ਅਪਣੇ ਵੱਖ-ਵੱਖ ਮਤੀਆਂ ਅਨੁਸਾਰ ਪ੍ਰਵਾਨ ਕੀਤਾ ਗਿਆ ਸੀ।

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਹੈਡ ਬੋਰ ਟਿਊਬਵੈਲਾਂ ਦੇ ਕੰਮਾਂ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 19.5.2022 ਅਤੇ ਠੇਦੇਦਾਰਾਂ ਤੋ 27.5.2022 ਰਾਹੀਂ ਮੰਗੇ ਗਏ ਸਨ। ਠੇਕੇਦਾਰਾਂ ਦੇ ਮਿਥੇ ਸਮੇ ਤੇ ਪ੍ਰਾਪਤ ਹੋਏ ਟੈਂਡਰ ਦੀ ਤਕਨੀਕੀ ਬਿਡਾਂ ਨੂੰ ਖੋਲਿਆ ਗਿਆ ਜ਼ੋ ਕਿ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਪ੍ਰਾਪਤ ਹੋਏ ਬਿਡਾਂ/ਟੈਂਡਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No. | W ard No | Name of works | ਬਿੱਜਲੀ ਦੇ ਰਾਖਵੀ ਰਕਮ | Tender Calling Amount | Name of Agency | Saving | Tender Amount | House Reso. | Attempt | No. of Bid Received |
|---|---|---|---|---|---|---|---|---|---|---|
| | | **Hand Bore T/W** | | | | | | | | |
| 1 | 37 | Installation of Deep Hand Bore Tubewell at Industrial Estate W-59 | 99944/- | 13,13,456/- | M/s Goyal T/Well Store | 0.50% | 13,06,888 | Anti dt 23.12.21 | 2 | 1 |
| 2 | G | *Installation of Deep Hand Bore Tubewell at Reru Pind near Janj Ghar W-4* | 99544/- | *14,63,456/-* | M/s Goyal T/Well Store | 0.50% | 14,56,138 | Anti dt 11.11.21 | 2 | 1 |

ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਕੀਤਾ ਗਿਆ ਸੀ, ਪਰੰਤੂ ਉਪਰੋਕਤ ਦਰਸ਼ਾਏ ਕੰਮਾਂ ਦੇ ਟੈਡਰਾਂ ਵਿੱਚ ਅਜੰਸੀ ਵੱਲੋ ਘੱਟ ਸੇਵਿੰਗ ਦੇਣ ਕਾਰਣ ਵਿੱਤ ਅਤੇ ਠੇਕਾ ਕਮੇਟੀ ਵੱਲੋ ਅਪਣੇ ਮਤਾ ਨੰ 288 ਮਿਤੀ 28.06.2022 ਅਨੁਸਾਰ ਇਹ ਫੈਸਲਾ ਕੀਤਾ ਕਿ

" ਇਹਨਾਂ ਕੰਮਾਂ ਵਿੱਚ ਅਜੰਸੀ ਵੱਲੋ ਸੇਵਿੰਗ ਬਹੁਤ ਘੱਟ ਦੀਤੀ ਹੈ, ਇਸ ਲਈ ਇਹ ਕੰਮ ਦੇ ਟੈਂਡਰਾਂ ਨੂੰ ਰੱਦ ਕੀਤਾ ਜਾਂਦਾ ਹੈ"

ਇਥੇ ਇਹ ਦਸਣਯੋਗ ਹੈ ਕਿ ਹੁਣ ਅਜੰਸੀ ਨੇ ਵਿੱਤ ਅਤੇ ਠੇਕਾ ਕਮੇਟੀ ਦੇ ਫੈਸਲੇ ਨੂੰ ਮੁੱਖ ਰੱਖਦੇ ਹੋਏ ਵੱਲੋ **ਅਪਣੇ ਪੱਤਰ ਮਿਤੀ 05-07-2022 ਰਾਹੀ ਉਪਰੋਕਤ ਦਰਸ਼ਾਈ ਕੰਮਾਂ ਵਿੱਚ ਨੈਗੋਸਿਏਸ਼ਨ ਕਰਦੇ ਹੋਏ 3% ਘੱਟਾ ਕੇ ਕੰਮ ਕਰਨ ਵਿੱਚ ਸਹਿਮਤੀ ਜਤਾਈ ਹੈ।** ਅਜੰਸੀ ਵੱਲੋਂ ਦਿੱਤੇ ਸਹਿਮਤੀ ਪੱਤਰ ਨੂੰ ਮੁੱਖ ਰੱਖਦੇ ਹੋਏ ਮੁੜ ਇਹ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ ਮਿਤੀ: 26.8.2022 ਅਤੇ ਸੰਯੁਕਤ ਕਮਿਸ਼ਨਰ ਜੀ ਵੱਲੋ ਮਿਤੀ 29.08.2022 ਰਾਹੀਂ ਇਸ ਟੈਂਡਰ ਨੂੰ ਨਗਰ ਨਿਗਮ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 2.9.2022 ਰਾਹੀ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਜਾਵੇ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 6.09.2022 ਰਾਹੀਂ ਇਸ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.9.2022